# ਆਰਜ਼ੀ ਸਮਝੋਤੇ ਬਾਰੇ ਸਰਬਪੱਖੀ (ਕੰਪਰੀਹਿਨਸਿਵ) ਰੀਪੋਰਟ

## ਸਾਲਵੇਸ਼ਨ ਆਰਮੀ ਹਾਰਬਰ ਲਾਈਟ ਏ ਆਰ ਸੀ ਅਤੇ ਬੀ ਸੀ ਜੀ ਈ ਯੂ ਦਰਮਿਆਨ

ਤੁਹਾਡੀ ਬਾਰਗੇਨਿੰਗ ਕਮੇਟੀ ਅਗਸਤ 4, 2022 ਵਾਲੇ ਦਿਨ ਸਾਲਵੇਸ਼ਨ ਆਰਮੀ ਹਾਰਬਰ ਲਾਈਟ ਏ ਆਰ ਸੀ ਨਾਲ ਇਕ ਆਰਜ਼ੀ ਸਮਝੌਤੇ 'ਤੇ ਪਹੁੰਚੀ ਹੈ।

**ਹੁਣ ਤੁਹਾਡੇ ਲਈ ਚੋਣ ਕਰਨ ਦਾ ਸਮਾਂ ਹੈ।** ਅਸੀਂ ਇਹ ਰੀਪੋਰਟ ਤਿਆਰ ਕੀਤੀ ਹੈ ਤਾਂਕਿ ਤੁਸੀਂ ਇਕ ਸਮਝ ਅਧਾਰਤ ਫੈਸਲਾ ਲੈਣ ਲਈ ਉਨ੍ਹਾਂ ਸਾਰੀਆਂ ਤਬਦੀਲੀਆਂ ਨੂੰ ਚੰਗੀ ਤਰ੍ਹਾਂ ਸਮਝ ਸਕੋ ਜੋ ਅਸੀਂ ਇਮਪਲੌਏਅਰ ਨਾਲ ਗੱਲਬਾਤ ਰਾਹੀਂ ਕੀਤੀਆਂ ਹਨ।

**ਤੁਹਾਨੂੰ ਪੁਸ਼ਟੀ ਦਸਤਾਵੇਜ (ਰੈਟੀਫੀਕੇਸ਼ਨ ਡਾਕੂਮਿੰਟ) ਵਿੱਚ ਉਨ੍ਹਾਂ ਤਬਦੀਲੀਆਂ ਦੀ ਪੂਰੀ ਤਫਸੀਲ ਮਿਲ਼ ਜਾਵੇਗੀ।**

## ਆਰਜ਼ੀ ਸਮਝੌਤੇ ਦੇ ਮੁੱਖ ਨੁਕਤੇ

### ਦੋ ਸਾਲਾ ਕੁਲੈਕਟਿਵ ਸਮਝੌਤਾ

ਤੁਹਾਡਾ ਨਵਾਂ ਕੁਲੈਕਟਿਵ ਸਮਝੌਤਾ ਅਪਰੈਲ 1, 2021 ਤੋਂ ਮਾਰਚ 31, 2023 ਤੱਕ ਹੈ।

**ਤਨਖਾਹ ਵਿੱਚ ਨਵੇਂ ਵਾਧੇ**

**ਆਰਜ਼ੀ ਸਮਝੌਤੇ ਵਿੱਚ ਤਨਖਾਹਾਂ ਵਿੱਚ ਵਾਧੇ ਪਿਛਲੀ ਪੇਸ਼ਕਸ਼ ਨਾਲੋਂ ਵੱਧ ਹਨ।** ਤੁਹਾਡੀ ਕਲਾਸੀਫੀਕੇਸ਼ਨ ਅਨੁਸਾਰ ਘੰਟੇ ਦੀ ਤਨਖਾਹ ਵਿੱਚ ਵਾਧਾ 7.12% ਤੋਂ 23.09% ਤੱਕ ਹੋਵੇਗਾ। ਕਿਸੇ ਵੀ ਮੈਂਬਰ ਨੂੰ ਘੰਟੇ ਦੇ 21 ਡਾਲਰ ਤੋਂ ਘੱਟ ਨਹੀਂ ਮਿਲਣਗੇ ਅਤੇ ਸਾਰੇ ਮੈਂਬਰਾਂ ਨੂੰ ਪਿਛਲੀ ਆਫਰ ਨਾਲੋਂ ਘੱਟੋ ਘੱਟ 1% ਵਾਧਾ ਜ਼ਰੂਰ ਮਿਲੇਗਾ। ਸਮਝੌਤੇ ਦੀ ਪੁਸ਼ਟੀ ਹੋਣ ਬਾਅਦ ਮੈਂਬਰਾਂ ਨੂੰ ਕਲਾਸੀਫੀਕੇਸ਼ਨ ਅਨੁਸਾਰ ਅਪਰੈਲ 1, 2022 ਵਾਲੀ ਤਨਖਾਹ ਮਿਲੇਗੀ। ਤੁਸੀਂ ਆਪਣੀ ਘੰਟੇ ਦੀ ਤਨਖਾਹ ਦਾ ਵੇਰਵਾ ਰੈਟੀਫੀਕੇਸ਼ਨ ਡਾਕੂਮਿੰਟ ਦੇ ਅਪੈਂਡਿਕਸ ਏ ਵਿੱਚ ਦੇਖ ਸਕਦੇ ਹੋ।

**ਅਪਰੈਲ 1, 2021 ਤੱਕ ਪਿਛਲੇ ਪੈਸੇ (ਰੈਟਰੋਐਕਟਿਵ ਪੇਮੈਂਟਾਂ) ਮਿਲਣਗੇ।** ਆਰਜ਼ੀ ਸਮਝੌਤੇ ਨੂੰ ਮਨਜ਼ੂਰੀ ਮਿਲ ਜਾਣ ਤੋਂ ਬਾਅਦ ਇਮਪਲੌਏਅਰ ਤੁਹਾਡੇ ਪਿਛਲੇ ਪੈਸੇ ਦੋ (2) ਪੇਅ ਪੀਰੀਅਡਾਂ ਵਿਚ ਦੇਣ ਦੀ ਆਸ ਰੱਖਦਾ ਹੈ। ਪਿਛਲੇ ਪੈਸਿਆਂ ਦਾ ਹਿਸਾਬ ਇਮਪਲੌਏਅਰ ਵਲੋਂ ਲਾਇਆ ਜਾਵੇਗਾ ਅਤੇ ਉਹ ਤੁਹਾਨੂੰ ਦੱਸ ਦੇਣਗੇ ਕਿ ਤੁਹਾਨੂੰ ਕਿੰਨੇ ਪੈਸੇ ਮਿਲਣਗੇ। ਜੇ ਤੁਸੀਂ ਉਸ ਰਾਸ਼ੀ ਨਾਲ ਸਹਿਮਤ ਨਾ ਹੋਵੋ ਤਾਂ ਆਪਣੇ ਇਮਪਲੌਏਅਰ ਨਾਲ ਗੱਲ ਕਰੋ। ਜੇ ਫੇਰ ਵੀ ਤੁਹਾਡੀ ਤਸੱਲੀ ਨਾ ਹੋਵੇ ਤਾਂ ਬਾਰਗੇਨਿੰਗ ਕਮੇਟੀ ਦੇ ਮੈਂਬਰ ਨਾਲ ਸੰਪਰਕ ਕਰੋ।

**ਪਿਛਲੇ ਪੈਸੇ ਲੈਣ ਦੇ ਹੱਕਦਾਰ ਹੋਣ ਲਈ ਜ਼ਰੂਰੀ ਹੈ ਕਿ ਤੁਸੀਂ ਰੈਟੀਫੀਕੇਸ਼ਨ ਹੋਣ ਵਾਲੀ ਤਰੀਕ 'ਤੇ ਕੰਮ ਕਰਦੇ ਹੋਵੋ (ਇਮਪਲੋਇਡ)।** ਜੇ ਤੁਸੀਂ ਛੁੱਟੀ 'ਤੇ ਹੋਵੋ (ਲੀਵ ਆਫ ਐਬਸੈਂਸ) ਤੇ ਆਰਥਿਕ ਔਖਿਆਈ ਮਹਿਸੂਸ ਕਰ ਰਹੇ ਹੋਵੋ ਤਾਂ ਹਿਊਮਨ ਰੀਸੋਰਸਸ ਨਾਲ ਸੰਪਰਕ ਕਰੋ ਉਹ ਤੁਹਾਡੀ ਹਾਲਾਤ ਨਾਲ ਨਿਪਟਣ ਵਿਚ ਸਹਾਇਤਾ ਕਰ ਸਕਦੇ ਹਨ।

## ਬਿਹਤਰ ਵਕੇਸ਼ਨ (ਆਰਟੀਕਲ 8.1)।

ਮੈਂਬਰਾਂ ਲਈ ਆਪਣੇ ਕੰਮ ਦੇ ਪਹਿਲੇ ਸਾਲ ਵਿਚ ਵਕੇਸ਼ਨ 10 ਦਿਨਾਂ ਤੋਂ ਵਧ ਕੇ 15 ਦਿਨ ਹੋ ਜਾਵੇਗੀ। ਤੁਸੀਂ ਵਕੇਸ਼ਨ ਦੇ ਸਮੇਂ ਦੇ ਅਗਲੇ ਪੱਧਰ `ਤੇ ਮੂਵ ਵੀ ਛੇਤੀ ਹੋਵੋਗੇ। ਸਾਲ 8 `ਤੇ ਹੁਣ ਤੁਹਾਨੂੰ 20 ਦਿਨਾਂ ਦੀ ਵਕੇਸ਼ਨ ਮਿਲੇਗੀ, ਸਾਲ 15 `ਤੇ ਤੁਹਾਨੂੰ 25 ਦਿਨ ਮਿਲਣਗੇ ਅਤੇ ਸਾਲ 21 `ਤੇ ਤੁਹਾਨੂੰ 30 ਦਿਨ ਮਿਲਣਗੇ।

## ਨਵੇਂ ਵਕੇਸ਼ਨ ਦੀ ਸੂਚੀ

| | |
|---|---|
| ਕੰਮ 'ਤੇ ਲੱਗੇ ਨਵੇਂ ਲੋਕਾਂ ਲਈ | 15 ਕੰਮ ਦੇ ਦਿਨ (ਪਰੋਰੇਟਡ ਜੇ ਲੋੜ ਹੋਵੇ)<br>(ਪਹਿਲਾਂ 10 ਦਿਨ ਸਨ) |
| ਕੰਮ ਦੇ ਪਹਿਲੇ ਸਾਲ 'ਚ | 15 ਕੰਮ ਦੇ ਦਿਨ (ਪਹਿਲਾਂ 10 ਦਿਨ ਸਨ) |
| 2-7 ਸਾਲ (ਪਹਿਲਾਂ 2-8 ਸਾਲ) | 15 ਕੰਮ ਦੇ ਦਿਨ |
| 8-14 ਸਾਲ (ਪਹਿਲਾਂ 9-16 ਸਾਲ) | 20 ਕੰਮ ਦੇ ਦਿਨ |
| 15-20 ਸਾਲ (ਪਹਿਲਾਂ 17-24 ਸਾਲ) | 25 ਕੰਮ ਦੇ ਦਿਨ |
| 21 ਸਾਲ ਜਾਂ ਵੱਧ (ਪਹਿਲਾਂ 2੫ ਸਾਲ) | 30 ਕੰਮ ਦੇ ਦਿਨ |

## ਨਵਾਂ ਰਾਤ ਵੇਲੇ (ਓਵਰਨਾਈਟ) ਦਾ ਸ਼ਿਫਟ ਪ੍ਰੀਮੀਅਮ (ਆਰਟੀਕਲ 14.12)

ਤੁਹਾਡੇ ਸਰਵੇ ਵਿੱਚ ਤੁਸੀਂ ਇਸ਼ਾਰਾ ਕੀਤਾ ਹੈ ਕਿ ਸ਼ਿਫਟ ਪ੍ਰੀਮੀਅਮ ਤੁਹਾਡੇ ਲਈ ਇਕ ਮੁੱਖ ਪਹਿਲ ਵਾਲੀ ਗੱਲ ਸੀ। ਅਸੀਂ ਤੁਹਾਡੀ ਗੱਲ ਸੁਣੀ ਅਤੇ ਰਾਤ ਨੂੰ ਕੰਮ ਕਰਨ ਵਾਲੇ ਸਟਾਫ ਲਈ ਨਵੇਂ ਸ਼ਿਫਟ ਪ੍ਰੀਮੀਅਮ ਲਈ ਨਿਗੋਸ਼ੀਏਟ ਕੀਤਾ ਹੈ। ਇਹ ਡੀਟੇਲਜ਼ ਹਨ: ਹੇਠ ਲਿਖੀਆਂ ਸਾਰੀਆਂ ਸ਼ਿਫਟਾਂ ਦੌਰਾਨ ਕੰਮ ਕਰਨ ਵਾਲਿਆਂ ਨੂੰ $0.25 ਪਤੀ ਘੰਟਾ ਸ਼ਿਫਟ ਪ੍ਰੀਮੀਅਮ ਮਿਲੇਗਾ:

- 11:30 ਪੀ ਐਮ - 7:30 ਏ ਐਮ - ਬੀਕਨ, ਹੈਵਨ ਅਤੇ ਸਦਰਲੈਂਡ,
- 9:00 ਪੀ ਐਮ - 7:00 ਏ ਐਮ - ਐਂਕਰ
- 9:30 ਪੀ ਐਮ - 7:30 ਏ ਐਮ - ਕਰੌਸਵਾਕ
- 12:00 ਏ ਐਮ (ਅੱਧੀ ਰਾਤ) - 8:00 ਏ ਐਮ - ਫਰੰਟ ਡੈੱਸਕ ਅਤੇ ਸਕਿਉਰਟੀ

ਇਹ ਕਲਾਜ਼ ਭਵਿੱਖ ਦੀ ਕਿਸੇ ਵੀ ਓਵਰਨਾਈਟ ਸ਼ਿਫਟ ਜੋ ਸ਼ਾਮ ਨੂੰ ਸ਼ੁਰੂ ਹੋਵੇ, ਜਿਹੜੀ ਅੱਧੀ ਰਾਤ ਵਿੱਚਦੀ ਲੰਘ ਕੇ ਸਵੇਰ ਨੂੰ ਖਤਮ ਹੋਵੇ 'ਤੇ ਲਾਗੂ ਹੋਵੇਗੀ।

### ਬੈੱਡ ਬੱਗ ਅਤੇ ਪਰਜੀਵੀ (ਪੈਰਾਸਿਟਿਕ) ਦੀ ਭਰਮਾਰ ਤੋਂ ਨਵੀਂ ਸੁਰੱਖਿਆ (ਆਰਟੀਕਲ 22.9)

ਪਰਜੀਵੀ (ਪੈਰਾਸਿਟਿਕ) ਦੀ ਭਰਮਾਰ ਜਿਵੇਂ ਕਿ ਬੈੱਡ ਬੱਗ ਨੂੰ ਆਰਟੀਕਲ 22.9 ਵਿੱਚ ਸ਼ਾਮਲ ਕੀਤਾ ਜਾਵੇਗਾ ਜੋ ਕਿ ਹਾਈਜੀਨ ਨੂੰ ਕਵਰ ਕਰਦਾ ਹੈ।

ਜੇ ਤੁਹਾਨੂੰ ਬੈੱਡ ਬੱਗ ਨੇ ਕੱਟਿਆ ਹੈ ਤਾਂ ਤੁਹਾਨੂੰ ਇਸ ਦੇ ਇਲਾਜ ਲਈ 24 ਘੰਟੇ ਦੀ ਛੁੱਟੀ ਦਿੱਤੀ ਜਾਵੇਗੀ। ਜੇ ਤੁਸੀਂ ਇਨਫੈਕਸ਼ਨ ਹੋਣ ਦੇ ਅਗਲੇ ਘੰਟਿਆਂ ਦੌਰਾਨ ਕੰਮ ਕਰਨ ਵਾਲੇ ਹੋ ਤਾਂ ਜਦ ਤੱਕ ਤੁਸੀਂ ਇਨਫੈਕਸ਼ਨ ਨਾਲ ਡੀਲ ਕਰ ਰਹੇ ਹੋ ਤੁਹਾਡੀ ਤਨਖਾਹ ਨਹੀਂ ਕੱਟੀ ਜਾਏਗੀ। ਇਮਪਲੌਏਅਰ ਢੁੱਕਵਾਂ ਇਲਾਜ ਵੀ ਦੇਵੇਗਾ।

### ਬੂਟਾਂ ਲਈ ਅਲਾਊਂਸ ਵਿਚ ਵਾਧਾ (ਆਰਟੀਕਲ 25.2)

ਰੈਗੂਲਰ ਅਤੇ ਕੈਜ਼ੂਅਲ ਲੋਡਿੰਗ ਡੌਕ ਮੁਲਾਜ਼ਮ, ਡਰਾਈਵਰ ਅਤੇ ਕਿਚਨ ਸੁਪਰਵਾਈਜ਼ਰ ਜਿਨ੍ਹਾਂ ਨੇ ਆਪਣਾ ਪ੍ਰੋਬੇਸ਼ਨਰੀ ਸਮਾਂ ਪੂਰਾ ਕਰ ਲਿਆ ਹੈ, ਉਨ੍ਹਾਂ ਨੂੰ ਹਰ ਸਾਲ ਸਟੀਲ-ਟੋਅ ਵਾਲੇ ਬੂਟ ਖਰੀਦਣ ਲਈ 120 ਡਾਲਰ (100 ਡਾਲਰ ਤੋਂ ਵੱਧ ਕੇ) ਮੋੜੇ ਜਾਣਗੇ। ਰੈਗੂਲਰ ਕਿਚਨ ਸਟਾਫ ਜਿਨ੍ਹਾਂ ਨੇ ਆਪਣਾ ਪ੍ਰੋਬੇਸ਼ਨਰੀ ਸਮਾਂ ਪੂਰਾ ਕਰ ਲਿਆ ਹੈ, ਉਨ੍ਹਾਂ ਨੂੰ ਹੁਣ ਨਾ-ਤਿਲਕਣ ਵਾਲੇ ਬੂਟਾਂ ਦੀ ਖਰੀਦ ਲਈ ਸਲਾਨਾ 80 ਡਾਲਰ (60 ਡਾਲਰ ਤੋਂ ਵੱਧ ਕੇ) ਮੋੜੇ ਜਾਣਗੇ ਅਤੇ, ਜਿਨ੍ਹਾਂ ਕੈਜ਼ੂਅਲ ਮੁਲਾਜ਼ਮਾਂ ਨੇ ਆਪਣਾ ਪ੍ਰੋਬੇਸ਼ਨਰੀ ਸਮਾਂ ਪੂਰਾ ਕਰ ਲਿਆ ਹੈ, ਉਨ੍ਹਾਂ ਨੂੰ ਹੁਣ ਹਰ ਦੋ ਸਾਲਾਂ ਬਾਅਦ ਨਾ-ਤਿਲਕਣ ਵਾਲੇ ਬੂਟਾਂ ਦੀ ਖਰੀਦ ਲਈ ਸਲਾਨਾ 80 ਡਾਲਰ (60 ਡਾਲਰ ਤੋਂ ਵੱਧ ਕੇ) ਮੋੜੇ ਜਾਣਗੇ।

### ਨਵੀਂਆਂ ਮੀਲ ਬਰੇਕ ਪੇਮੈਂਟਾਂ (ਆਰਟੀਕਲ 14.6)

ਜਦੋਂ ਰਾਤ ਦੇ ਸ਼ੈਲਟਰ ਸਟਾਫਿੰਗ ਦੇ ਪੱਧਰ ਨਵੇਂ ਕੋਲੈਕਟਿਵ ਐਗਰੀਮੈਂਟ ਵਿਚ ਮਿੱਥੇ ਗਏ ਪੱਧਰਾਂ ਤੋਂ ਘਟ ਜਾਣ ਤਾਂ ਉਸ ਸ਼ਿਫਟ ਵਿਚ ਕੰਮ ਕਰ ਰਹੇ ਸ਼ੈਲਟਰ ਵਰਕਰਾਂ ਨੂੰ ਖਾਣੇ ਦੀ ਛੁੱਟੀ ਦੇ ਪੈਸੇ ਮਿਲਣਗੇ। ਇਕ ਮੈਮੋਰੈਂਡਮ ਔਫ ਅੰਡਰਸਟੈਂਡਿੰਗ ਵੀ ਕੀਤਾ ਗਿਆ ਹੈ ਜਿਹੜਾ ਇਹ ਦੱਸਦਾ ਹੈ ਕਿ ਆਰਟੀਕਲ 14.6, ਮੀਲ ਬਰੇਕਸ ਕਿਵੇਂ ਲਾਗੂ ਕੀਤਾ ਜਾਵੇਗਾ। ਅਸੀਂ ਆਰਟੀਕਲ 14.6 (ਏ) ਵਿਚਲੀ ਜ਼ਬਾਨ ਵੀ ਪਹਿਲਾਂ ਨਾਲੋਂ ਸੁਧਾਰੀ ਹੈ। ਸਟਾਫ 30 ਮਿੰਟ ਦੀ ਬਰੇਕ ਬਿਨਾਂ ਲਗਾਤਾਰ 5 ਘੰਟੇ ਕੰਮ ਨਹੀਂ ਕਰੇਗਾ।

## ਹੋਰ ਤਬਦੀਲੀਆਂ

**ਪਰਿਭਾਸ਼ਾ** : ਅਸੀਂ ਆਪਣੇ ਸਟਾਫ ਵਿਚਲੇ ਵੱਖਰੇਵਿਆਂ ਅਨੁਸਾਰ ਲਿੰਗ ਅਧਾਰਤ ਜ਼ਬਾਨ ਬਦਲ ਦਿੱਤੀ ਹੈ।

### ਬਾਰਗੇਨਿੰਗ ਕਮੇਟੀ (ਆਰਟੀਕਲ 2.6)

ਨੁਮਾਇੰਦਗੀ ਵਿੱਚ ਸੁਧਾਰ ਲਿਆਉਣ ਲਈ ਭਵਿੱਖ ਦੀਆਂ ਬਾਰਗੇਨਿੰਗ ਕਮੇਟੀਆਂ ਵਿੱਚ ਘੱਟੋ ਘੱਟ ਇਕ ਮੈਂਬਰ 108 ਈਸਟ ਹੇਸਟਿੰਗਜ਼ ਤੋਂ ਅਤੇ ਇਕ ਮੈਂਬਰ 119 ਈਸਟ ਕੋਰਡੋਵਾ ਤੋਂ ਹੋਵੇਗਾ। ਪੂਰੀ ਕਮੇਟੀ ਲਈ ਚੋਣ ਵਿੱਚ ਸਾਰੇ ਹਿੱਸਾ ਲੈਣਗੇ।

### ਯੂਨੀਅਨ/ਮੈਨੇਜਮੈਂਟ ਕਮੇਟੀ (ਆਰਟੀਕਲ 7.4 (ਜੀ))

ਬਾਰਗੇਨਿੰਗ ਕਮੇਟੀ ਯੂਨੀਅਨ/ਮੈਨੇਜਮੈਂਟ ਕਮੇਟੀ ਦੀਆਂ ਸਾਂਝੀਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦੀ ਹੈ। ਪਰ, ਇਸ ਨਵੀਂ ਭਾਸ਼ਾ ਅਨੁਸਾਰ ਮੈਂਬਰਾਂ ਨੂੰ ਮੀਟਿੰਗ ਅਟੈਂਡ ਕਰਨ ਲਈ ਕਿਹਾ ਜਾ ਸਕਦਾ ਹੈ ਕਮੇਟੀ ਦੀ ਮਦਦ ਕਰਨ ਲਈ ਅਤੇ ਜਾਣਕਾਰੀ ਮੁਹੱਈਆ ਕਰਨ ਲਈ ਕਿਸੇ ਵਿਸ਼ੇਸ਼ ਮਸਲੇ ਦੇ ਵਿਚਾਰ ਵਟਾਂਦਰੇ ਸਮੇਂ। ਜੇ ਤੁਸੀਂ ਕਿਸੇ ਮਸਲੇ ਨੂੰ ਅੱਗੇ ਲਿਆਉਣਾ ਚਾਹੁੰਦੇ ਹੋ ਤਾਂ ਆਪਣੀ ਬਾਰਗੇਨਿੰਗ ਕਮੇਟੀ ਨਾਲ ਗੱਲ ਕਰੋ।

### ਜਾਬ ਪੋਸਟਿੰਗ ਅਤੇ ਐਪਲੀਕੇਸ਼ਨ (ਆਰਟੀਕਲ 12.1)

ਟੈਮਪਰੇਰੀ ਥਾਵਾਂ ਜਿਹੜੀਆਂ ਛੇ ਮਹੀਨੇ ਜਾਂ ਘੱਟ ਸਮੇਂ ਲਈ ਹੋਣ ਉਹ ਕਲਾਸੀਫੀਕੇਸ਼ਨ ਵਿਚਲੀ ਸਨਿਉਰਿਟੀ ਅਨੁਸਾਰ ਭਰੀਆਂ ਜਾਣਗੀਆਂ।

### ਪੇਡ ਹਾਲੀਡੇਅ (ਆਰਟੀਕਲ 17.1) ਅਤੇ ਕੰਮਪੈਸ਼ਨੇਟ ਕੇਅਰ ਲੀਵ (20.3)

ਅਸੀਂ ਇਨ੍ਹਾਂ ਵਿਚ ਸੁਧਾਰ ਕੀਤਾ ਹੈ ਤੇ ਹੁਣ ਇਹ ਇਮਪਲੁਆਇਮੈਂਟ ਸਟੈਂਡਰਡ ਐਕਟ ਦੀਆਂ ਰੁਕਾਇਰਮੈਂਟਾਂ ਅਨੁਸਾਰ ਹਨ।

### ਸਦਮੇ ਲਈ ਛੁੱਟੀ (ਬੀਰੀਵਮੈਂਟ ਲੀਵ) (ਆਰਟੀਕਲ 20.1)

ਅਸੀਂ ਗੈਰ-ਲਿੰਗਕ (ਨਾਨ-ਜੈਂਡਰਡ) ਭਾਸ਼ਾ ਲਈ ਤਬਦੀਲੀ ਕੀਤੀ ਹੈ ਅਤੇ ਇਸ ਵਿੱਚ "ਸਿਬਲਿੰਗਜ਼-ਨ-ਲਾਅ" ਸ਼ਾਮਲ ਕੀਤਾ ਹੈ ਜਿਸਨੂੰ ਕਿ ਨੇੜੇ ਦਾ ਪਰਿਵਾਰ ਕਿਹਾ ਜਾਂਦਾ ਹੈ। ਹੁਣ ਪਰਿਵਾਰ ਦੇ ਸਾਰੇ ਮੈਂਬਰਾਂ ਲਈ ਛੁੱਟੀ ਮਿਲਣ ਦਾ ਹੱਕ ਹੋਵੇਗਾ।

### ਫੁੱਲ ਟਾਇਮ ਪਬਲਿਕ ਡਿਊਟੀਆਂ (ਆਰਟੀਕਲ 20.7 (ਏ))

ਕੋਈ ਇਮਪਲੁਆਈ ਜਿਹੜਾ ਫਸਟ ਨੇਸ਼ਨਜ਼, ਮੀਟੀਜ਼ ਜਾਂ ਇਨੁਇਟ ਪੁਜੀਸ਼ਨਾਂ ਲਈ ਇਲੈਕਸ਼ਨ ਲੜ ਰਿਹਾ ਹੋਵੇ ਉਸ ਨੂੰ ਆਪਣੀ ਕੈਂਪੇਨ ਲਈ ਛੁੱਟੀ ਮਿਲੇਗੀ।

## ਮਾਰਖੋਰਾ ਵਰਤਾਓ (ਐਗਰੈਸਿਵ ਬੀਹੇਵੀਅਰ) (ਆਰਟੀਕਲ 22.3)

ਇਮਪਲੋਏਅਰ ਅਜੇ ਵੀ ਢੁੱਕਵੇਂ ਨਿਯਮ ਸਥਾਪਤ ਕਰਨ ਲਈ ਜ਼ੁੰਮੇਵਾਰ ਹੈ ਜਿਨ੍ਹਾਂ ਨਾਲ ਹਿੰਸਾ ਨੂੰ ਖਤਮ ਜਾਂ ਉਸ ਦਾ ਖਤਰਾ ਘਟਦਾ ਹੋਵੇ ਅਤੇ ਹਿੰਸਕ ਵਰਤਾਓ ਨਾਲ ਡੀਲ ਕਰਨ ਲਈ ਟਰੇਨਿੰਗ ਲਈ ਵੀ ਜ਼ੁੰਮੇਵਾਰ ਹੈ ਪਰ ਅਸੀਂ ਇਹ ਲਾਈਨ "ਐਟ ਨੋ ਕੌਸਟ ਟੂ ਇਮਪਲੋਏਅਰ" ਹਟਾ ਦਿੱਤੀ ਹੈ। ਇਮਪਲੋਏਅਰ ਇਹ ਨਹੀਂ ਕਹਿ ਸਕਦੇ ਕਿ ਉਨ੍ਹਾਂ ਕੋਲ ਵਿਦਿਆ, ਟਰੇਨਿੰਗ ਅਤੇ ਉਸ ਨੂੰ ਲਾਗੂ ਕਰਨ ਲਈ ਪੈਸੇ ਨਹੀਂ।

## ਬੇਸਿਕ ਮੈਡੀਕਲ ਇੰਸ਼ੋਰੈਂਸ (ਆਰਟੀਕਲ 24.1)

ਜੇ ਬੀ ਸੀ ਦੀ ਸਰਕਾਰ ਮੁੜ ਐਮ ਐਸ ਪੀ ਪ੍ਰੀਮੀਅਮ ਲਾਗੂ ਕਰੇ ਤਾਂ ਇਮਪ੍ਰਲਾਇਰ ਉਹ ਦੇਵੇਗਾ।

## ਸੁਰੱਖਿਆ ਵਾਲੇ ਕੱਪੜੇ ਅਤੇ ਸਮਾਨ (ਆਰਟੀਕਲ 25.2 (ਈ))

ਇਮਪਲੋਏਅਰ ਪਰਸਨਲ ਅਲਾਰਮ ਦੇਵੇਗਾ ਪਰ ਉਨ੍ਹਾਂ ਦਾ ਮਕਸਦ ਸੁਰੱਖਿਆ ਹੈ ਨਾ ਕਿ ਜਾਸੂਸੀ। ਇਸ ਦੇ ਲਾਗੂ ਕਰਨ ਵਿੱਚ ਯੂਨੀਅਨ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਕਮੇਟੀ ਨਾਲ ਮਿਲ ਕੇ ਆਪਣਾ ਪੱਖ ਰੱਖ ਸਕਦੀ ਹੈ।

## ਬਰਾਬਰ ਦੀ ਤਨਖਾਹ (ਆਰਟੀਕਲ 26.1)

ਅਸੀਂ ਆਪਣੇ ਸਟਾਫ ਵਿਚਲੇ ਵੱਖਰੇਵਿਆਂ ਅਨੁਸਾਰ ਲਿੰਗ ਅਧਾਰਤ ਜ਼ਬਾਨ ਬਦਲ ਦਿੱਤੀ ਹੈ।

## ਬੀਮਾਰੀ ਜਾਂ ਸੱਟ ਚੋਟ ਲਈ ਛੁੱਟੀ (ਆਰਟੀਕਲ 27.1 ਏ))

ਸਾਰੇ ਇਮਪਲੁਆਈ ਸਣੇ ਕੈਜ਼ੂਅਲ ਅਤੇ ਟੈਮਪਰੇਰੀ ਸਟਾਫ ਦੇ 90 ਦਿਨ ਦੀ ਨੌਕਰੀ ਤੋਂ ਬਾਅਦ ਸਾਲ ਵਿੱਚ 5 ਪੰਜ ਦਿਨ ਪੇਡ ਸਿੱਕ ਲੀਵ ਲੈ ਸਕਣਗੇ। ਸਾਰੇ ਸਟਾਫ ਨੂੰ 3 ਤਿੰਨ ਦਿਨ ਬਿਨਾਂ ਤਨਖਾਹ ਛੁੱਟੀ ਦੇ ਵੀ ਮਿਲਣਗੇ। ਇਹ ਪਹਿਲਾਂ ਪਰੋਬੇਸ਼ਨ ਖਤਮ ਕਰ ਚੁੱਕੇ ਰੈਗੂਲਰ ਸਟਾਫ ਵਾਸਤੇ ਹੀ ਹੁੰਦੀ ਸੀ ਪਰ ਹੁਣ ਕੈਜ਼ੂਅਲ ਅਤੇ ਟੈਮਪਰੇਰੀ ਸਟਾਫ 'ਤੇ ਵੀ ਲਾਗੂ ਹੋਵੇਗੀ। ਇਸ ਦੀ ਪ੍ਰੋੜਤਾ ਕੈਜ਼ੂਅਲ ਸਟਾਫ ਲਈ ਆਰਟੀਕਲ 29.2 ਵਿੱਚ ਅਤੇ ਟੈਮਪਰੇਰੀ ਸਟਾਫ ਲਈ ਆਰਟੀਕਲ 30.3 ਵਿੱਚ ਕੀਤੀ ਗਈ ਹੈ।

## ਛੁੱਟੀ ਦੀ ਥਾਂ ਤਨਖਾਹ ਅਤੇ ਪੇਡ ਹਾਲੀਡੇਜ਼ ਕੈਜ਼ੂਅਲਾਂ ਲਈ (ਆਰਟੀਕਲ 29.4) ਅਤੇ ਟੈਮਪਰੇਰੀ ਸਟਾਫ (ਆਰਟੀਕਲ 30.6)

ਕੈਜ਼ੂਅਲ ਅਤੇ ਟੈਮਪਰੇਰੀ ਸਟਾਫ ਨੂੰ ਹੁਣ ਸਟਰੇਟ ਟਾਈਮ ਪੇਅ ਦਾ 10.6% ਮਿਲਣ ਵਾਲੀਆਂ ਛੁੱਟੀਆਂ ਦੀ ਥਾਂ ਅਤੇ ਪੇਡ ਹਾਲੀਡੇਜ਼ ਲਈ ਮਿਲੇਗਾ।

## ਕੈਜ਼ੂਅਲ ਕਾਲ-ਇਨ (ਆਰਟੀਕਲ 29.5 (ਬੀ))

ਇਹ ਕੈਜ਼ੂਅਲ ਕਾਲ-ਇਨ ਦੇ ਬਲਾਕ ਦੀ ਵਿਆਖਿਆ ਕਰਦਾ ਹੈ ਜੋ ਕਿ ਸੀਨੀਅਰ ਅਤੇ ਕੈਜ਼ੂਅਲ ਇਮਪਲੁਆਈ ਲਈ ਹੋਰ ਫਲੈਕਸੇਬਿਲਟੀ ਦਿੰਦਾ ਹੈ।

## ਟੈਂਪ ਪਰੈਗਨੈਂਨਸੀ ਅਤੇ ਪੇਰੈਂਟਲ ਲੀਵ (ਆਰਟੀਕਲ 30.5)

ਹੁਣ ਟੈਂਪਰੇਰੀ ਇਮਪਲੁਆਈ ਵੀ ਪਰੈਗਨੈਂਨਸੀ/ਪੇਰੈਂਟਲ ਲੀਵ ਦੇ ਹੱਕਦਾਰ ਹੋਣਗੇ।

## ਨਵੀਂ ਹਿੰਸਾ ਦੇ ਖਤਰੇ ਦਾ ਅੰਦਾਜਾ

ਸਾਰੇ ਵਿਭਾਗਾਂ ਅਤੇ ਸਾਰੀਆਂ ਸਹੂਲਤਾਂ ਵਿੱਚ ਜੂਨ 30, 2023 ਤੱਕ ਹਿੰਸਾ ਦੇ ਖਤਰੇ ਦਾ ਅੰਦਾਜਾ ਲਾਇਆ ਜਾਵੇਗਾ। ਇਸ ਬਾਰੇ ਸਾਰਾ ਵਿਸਥਾਰ ਮੈਮੋਰੈਂਡਮ ਆਫ ਐਗਰੀਮੈਂਟ ਵਿੱਚ ਦਿੱਤਾ ਗਿਆ ਹੈ।

## ਸੁਝਾਅ (ਰੈਕਮਿਨਡੇਸ਼ਨ)

ਤੁਹਾਡੇ ਵਿਸ਼ਵਾਸ ਅਤੇ ਸਹਾਇਤਾ ਨਾਲ ਅਸੀਂ ਜੋ ਕੁਝ ਹਾਸਿਲ ਕਰਨ ਯੋਗ ਹੋਏ ਸਾਨੂੰ ਉਸ ਦਾ ਮਾਣ ਹੈ ਅਤੇ ਸਾਡਾ ਸੁਝਾਅ ਹੈ ਕਿ ਤੁਸੀਂ ਇਸ ਆਰਜ਼ੀ ਸਮਝੌਤੇ ਨੂੰ ਰੈਟੀਫਾਈ ਕਰਨ ਲਈ ਵੋਟ ਪਾਓ।